Feb 27/2020



ਮੇਰਾ ਸ਼ਹਿਦ ਦਾ ਕੁੱਜਾ ਲੈ ਲੈ ਤੇ ਰੋਟੀ ਮੈਨੂੰ ਦੇ ਦੇ।"
ਪਰ ਕਾਂ ਨੂੰ ਸ਼ਹਿਦ ਪਸੰਦ ਨਹੀਂ ਸੀ। ਉਸ ਨੇ ਭਾਲੂ ਨੂੰ ਰੋਟੀ ਨਾ ਦਿੱਤੀ।

ਕਾਂ ਰੋਟੀ ਖਾਣ ਹੀ ਲੱਗਾ ਸੀ ਕਿ ਉਥੇ ਇਕ ਲੂੰਬੜ ਆ ਗਿਆ।

ਲੂੰਬੜ ਨੇ ਕਿਹਾ, "ਕਿੰਨਾ ਸੋਹਣਾ ਕਾਂ ਏ ! ਕਾਂਵਾਂ, ਕਾਂਵਾਂ! ਤੇਰੇ ਬੋਲ ਵੀ ਬੜੇ ਮਿੱਠੇ ਹੋਣਗੇ। ਜ਼ਰਾ ਪਿਆਰਾ ਪਿਆਰਾ ਆਪਣਾ ਗਾਣਾ ਤੇ ਸੁਣਾ ਦੇ।"

ਕਾਂ ਨੇ ਕਦੀ ਆਪਣੀ ਵਡਿਆਈ ਨਹੀਂ ਸੀ ਸੁਣੀ।



ਕਾਂ ਬੜਾ ਖੁਸ਼ ਹੋਇਆ। ਉਹ ਸੰਘ ਪਾੜ ਪਾੜ ਕੇ ਕਾਂ ਕਾਂ ਕਰਨ ਲੱਗਾ।

ਰੋਟੀ ਡਿੱਗ ਪਈ ਤੇ ਚਲਾਕ ਲੂੰਬੜ ਨੇ ਝੱਟ ਮੂੰਹ ਵਿੱਚ ਬੋਚ ਲਈ।



ਲੂੰਬੜ ਨੇ ਖੁਸ਼ਾਮਦ ਕਰਕੇ ਕਾਂ ਨੂੰ ਬੇਵਕੂਫ਼ ਬਣਾ ਦਿੱਤਾ।